7/6

ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
ਕਾਲਜ ਸੈਕਸ਼ਨ

ਨੰ : 2198
ਮਿਤੀ: 7-8-2025

ਸੋਧ ਪੱਤਰ

E-mail/webpage (ਅਤਿ ਜ਼ਰੂਰੀ)
ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ ਦੇ
ਚੇਅਰਮੈਨ/ਪ੍ਰਿੰਸੀਪਲ ਸਾਹਿਬਾਨਾਂ ਨੂੰ

ਹਵਾਲਾ ਪੱਤਰ ਨੰ: 2086/ਸ 3,4,6 ਮਿਤੀ 25-7-2025

ਵਿਸ਼ਾ: ਅਕਾਦਮਿਕ ਸੈਸ਼ਨ 2025-26 ਲਈ ਨਿਮਨ ਲਿਖਤ ਕੋਰਸਾਂ ਐਮ.ਬੀ.ਏ./ਐਮ.ਸੀ.ਏ./ਐਮ.ਕਾਮ/ ਐਮ.ਐਸ.ਸੀ./,ਐਮ.ਪੀ.ਐਡ./ਐਮ.ਐਡ.ਅਤੇ ਐਲ.ਐਲ.ਐਮ (ਕੇਵਲ ਐਮ.ਐਸ.ਸੀ ਆਈ.ਟੀ ਕੋਰਸ ਨੂੰ ਛੱਡ ਕੇ) ਕੋਰਸ ਕੰਟੀਨਿਊਸ਼ਨ ਅਤੇ ਕਾਲਜ ਕੰਟੀਨਿਊਸ਼ਨ ਫੀਸ ਭੇਜਣ ਸਬੰਧੀ।

ਉਕਤ ਵਿਸ਼ੇ ਸਬੰਧੀ ਦਫਤਰ ਵਲੋਂ ਪਹਿਲਾਂ ਜਾਰੀ ਕੀਤੇ ਗਏ ਪੱਤਰ ਵਿਚ ਸੋਧ ਕਰਦੇ ਹੋਏ ਸਪਸ਼ਟ ਕੀਤਾ ਜਾਂਦਾ ਹੈ ਕਿ ਕਾਲਜ ਵਿਖੇ ਚਲ ਰਹੇ ਉਕਤ ਕੋਰਸਾਂ ਦੀ ਪ੍ਰਤੀ ਯੂਨਿਟ ਕੋਰਸ ਕੰਟੀਨਿਊਸ਼ਨ ਫੀਸ ਅਤੇ ਕਾਲਜ ਕੰਟੀਨਿਊਸ਼ਨ ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 31.8.2025 ਹੈ।ਇਸ ਉਪਰੰਤ ਨਿਰਧਾਰਤ ਲੇਟ ਫੀਸ/ਜੁਰਮਾਨੇ ਸਹਿਤ ਜਮ੍ਹਾਂ ਕਰਵਾਉਣ ਦਾ ਸ਼ਡਿਊਲ ਨਿਮਨਲਿਖਤ ਅਨੁਸਾਰ ਹੈ:-

| | |
|---|---|
| ਮਿਤੀ 1-9-2025 ਤੋਂ 30-9-2025 ਤੱਕ | ਬਣਦੀ ਫੀਸ 10% ਜੁਰਮਾਨੇ ਸਹਿਤ |
| ਮਿਤੀ 1-10-2025 ਤੋਂ 31-10-2025 ਤੱਕ | ਬਣਦੀ ਫੀਸ 20% ਜੁਰਮਾਨੇ ਸਹਿਤ |

ਇਸ ਉਪਰੰਤ ਕਾਲਜ/ਕੋਰਸ ਕੰਟੀਨਿਊਸ਼ਨ ਫੀਸ ਮਿਤੀ 30-6-2026 ਤੱਕ ਦੋ ਗੁਣਾਂ ਜਮ੍ਹਾਂ ਕਰਵਾਉਣੀ ਲਾਜ਼ਮੀ ਹੋਵੇਗੀ।ਅਜਿਹਾ ਨਾ ਕਰਨ ਦੀ ਸੂਰਤ ਵਿਚ ਕਾਲਜ ਵਿਰੁੱਧ ਬਣਦੀ ਸਖਤ ਕਾਰਵਾਈ ਆਰੰਭ ਦਿੱਤੀ ਜਾਵੇਗੀ।

ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਕਾਲਜ ਵਲੋਂ ਭੇਜੀਆਂ ਜਾਣ ਵਾਲੀਆਂ ਕੋਰਸ/ਕਾਲਜ ਕੰਟੀਨਿਊਸ਼ਨ ਫੀਸਾਂ ਵੱਖਰੇ-ਵੱਖਰੇ ਆਰ.ਟੀ.ਜੀ.ਐਸ ਰਾਹੀਂ ਜਮ੍ਹਾਂ ਕਰਵਾਈਆਂ ਜਾਣ ਕਿਉਂਕਿ ਇਕੱਠੀ ਫੀਸ ਭੇਜਣ ਨਾਲ ਦਫਤਰ ਨੂੰ ਮੁਸ਼ਕਿਲ ਪੇਸ਼ ਆਉਂਦੀ ਹੈ।

ਉਪਰੋਕਤ ਫੀਸਾਂ ਜਮ੍ਹਾਂ ਕਰਵਾਉਣ ਉਪਰੰਤ ਕਾਲਜ ਦੇ ਲੈਟਰ ਹੈਡ ਜਿਸ ਤੇ ਸਹੀ RTGS/Cheque No/UTR ਲਿਖੇ ਹੋਣ (ਬੈਂਕ ਵਲੋਂ ਪ੍ਰਾਪਤ ਰਸੀਦ ਸਮੇਤ) ਈ-ਮੇਲ/ਹਾਰਡ ਕਾਪੀ ਦਫਤਰ ਵਿਖੇ ਸਮੇਂ ਸਿਰ ਜਮ੍ਹਾਂ ਕਰਵਾਉਣੀ ਲਾਜ਼ਮੀ ਹੈ।ਕਿਉਂਕਿ ਦੇਖਣ ਵਿਚ ਆਇਆ ਹੈ ਕਿ ਕੁਝ ਕਾਲਜਾਂ ਵਲੋਂ ਸਮੇਂ-ਸਿਰ ਫੀਸ ਤਾਂ ਜਮ੍ਹਾਂ ਕਰਵਾ ਦਿੱਤੀ ਜਾਂਦੀ ਹੈ ਪ੍ਰੰਤੂ ਦਫਤਰ ਵਿਖੇ ਜਾਣਕਾਰੀ ਲੇਟ ਭੇਜੀ ਜਾਂਦੀ ਹੈ ਜਿਸ ਨਾਲ ਜੀ.ਐਸ.ਟੀ ਸਬੰਧੀ ਮੁਸ਼ਕਿਲ ਪੇਸ਼ ਆਉਂਦੀ ਹੈ।ਅਜਿਹਾ ਹੋਣ ਦੀ ਸੂਰਤ ਵਿਚ ਜੀ.ਐਸ.ਟੀ ਸਬੰਧੀ ਕੋਈ ਵੀ ਜੁਰਮਾਨਾ/ਪੈਨਲਟੀ ਲਗਾਈ ਜਾਂਦੀ ਹੈ ਤਾਂ ਇਸਦੀ ਸਾਰੀ ਦੀ ਸਾਰੀ ਜਿੰਮੇਵਾਰੀ ਕਾਲਜ ਦੇ ਪ੍ਰਿੰਸੀਪਲ/ਕਾਲਜ ਮੈਨੇਜਮੈਂਟ ਦੀ ਹੋਵੇਗੀ।

ਸਹਾਇਕ ਰਜਿਸਟਰਾਰ (ਕਾਲਜਾਂ)